PUNJABI

kelty mental health
resource centre

ਬੀ.ਸੀ. ਵਿੱਚ ਬੱਚਿਆਂ, ਯੁਵਕਾਂ ਅਤੇ ਪਰਿਵਾਰਾਂ ਲਈ ਜਾਣਕਾਰੀ ਦਾ ਸਰੋਤ

# ਕੈਲਟੀ ਮੈਂਟਲ ਰੀਸੋਰਸ ਸੈਂਟਰ ਬਾਰੇ ਜਾਣਕਾਰੀ

## ਕੈਲਟੀ ਮੈਂਟਲ ਹੈਲਥ ਰਿਸੋਰਸ ਸੈਂਟਰ ਹੇਠ ਦਰਜ ਸੇਵਾਵਾਂ ਪੇਸ਼ ਕਰਦਾ ਹੈ:

- ਬੱਚਿਆਂ ਅਤੇ ਯੁਵਕਾਂ ਨੂੰ ਪ੍ਰਭਾਵਿਤ ਕਰਨ ਵਾਲੇ ਮਾਨਸਿਕ ਸਿਹਤ ਅਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਸੰਬੰਧੀ ਅਨੇਕਾਂ ਮਸਲਿਆਂ ਬਾਰੇ ਜਾਣਕਾਰੀ ਅਤੇ ਵਸੀਲੇ
- F.O.R.C.E. Society for Kids' Mental Health (ਬੱਚਿਆਂ ਦੀ ਮਾਨਸਿਕ ਸਿਹਤ ਸੰਬੰਧੀ ਫ਼ੋਰਸ ਸੋਸਾਇਟੀ) ਤੋਂ ਮਾਪਿਆਂ ਜਾਂ ਯੁਵਕਾਂ ਨੂੰ ਸਹਾਰਾ ਪ੍ਰਦਾਨ ਕਰਨ ਵਾਲੇ ਹਾਣੀ। ਇਹ ਸਾਰੇ ਅਜਿਹੇ ਵਿਅਕਤੀ ਹਨ ਜਿਨ੍ਹਾਂ ਨੇ ਖ਼ੁਦ ਮਾਨਸਿਕ ਸਿਹਤ ਸਮੱਸਿਆਵਾਂ ਦੀਆਂ ਚੁਣੌਤੀਆਂ ਹੰਢਾਈਆਂ ਹਨ।
- ਕਿਸੇ ਵੀ ਉਮਰ ਦੇ ਅਜਿਹੇ ਵਿਅਕਤੀਆਂ ਲਈ ਵਸੀਲੇ ਅਤੇ ਹਾਣੀਆਂ ਵੱਲੋਂ ਸਹਾਇਤਾ ਜਿਨ੍ਹਾਂ ਨੂੰ ਖਾਣ ਸੰਬੰਧੀ ਵਿਗਾੜ ਜਾਂ ਖਾਣ ਸੰਬੰਧੀ ਵਿਗਾੜ ਨਾਲ ਜੁੜੇ ਸਰੋਕਾਰ ਹਨ
- ਬੀ.ਸੀ. ਵਿੱਚ ਸਹਾਰੇ ਅਤੇ ਟ੍ਰੀਟਮੈਂਟ ਲਈ ਵਿਕਲਪ
- ਮਾਨਸਿਕ ਸਿਹਤ ਪ੍ਰਣਾਲੀ ਇਸਤੇਮਾਲ ਕਰਨ ਵਿੱਚ ਮਦਦ
- ਮਾਪਿਆਂ ਅਤੇ ਸਕੂਲ ਅਤੇ ਸਿਹਤ ਪੇਸ਼ੇਵਰਾਂ ਲਈ ਮੁਫ਼ਤ ਸਿੱਖਿਅਕ ਈਵੈਂਟ ਜਿਨ੍ਹਾਂ ਵਿੱਚ Pinwheel Education Series (ਪਿਨਵ੍ਹੀਲ ਸਿੱਖਿਆ ਲੜੀ) ਵੀ ਸ਼ਾਮਲ ਹੈ।
- ਆਪਣੀ ਮਦਦ ਆਪ ਕਰਨੀ ਅਤੇ ਰੋਕਥਾਮ ਸੰਬੰਧੀ ਨੁਕਤੇ

**ਸਾਰੀ ਜਾਣਕਾਰੀ ਅਤੇ ਸੇਵਾਵਾਂ ਮੁਫ਼ਤ ਹਨ ਅਤੇ ਇਹ ਬੀ.ਸੀ. ਵਿੱਚ ਬੱਚਿਆਂ, ਯੁਵਕਾਂ, ਪਰਿਵਾਰਾਂ ਅਤੇ ਸਕੂਲਾਂ ਅਤੇ ਸਿਹਤ ਸੰਭਾਲ ਪੇਸ਼ੇਵਰਾਂ ਲਈ ਉਪਲਬਧ ਹੈ।**

## ਸਾਡੇ ਕੋਲ ਹੇਠ ਲਿਖੇ ਵਿਸ਼ਿਆਂ ਸੰਬੰਧੀ ਜਾਣਕਾਰੀ ਹੈ:

- ਨਸ਼ਿਆਂ ਦਾ ਅਮਲ
- ਬੇਚੈਨੀ
- ਅਟੈਨਸ਼ਨ ਡੈਫ਼ਿਸਿਟ ਹਾਈਪਰਐਕਟੀਵਿਟੀ ਡਿਸਆਰਡਰ
- ਆਟੀਜ਼ਮ
- ਨਾਲੋ ਨਾਲ ਚੱਲਣ ਵਾਲੇ ਵਿਗਾੜ
- ਡਿਪਰੈਸ਼ਨ
- ਖਾਣ ਸੰਬੰਧੀ ਵਿਗਾੜ
- ਮਿਜ਼ਾਜ ਸੰਬੰਧੀ ਵਿਗਾੜ
- ਓਬਸੈੱਸਿਵ ਕੰਪਲਸਿਵ ਡਿਸਆਰਡਰ
- ਮਨੋਵਿਕਾਰ
- ਸਕਿਟਜ਼ੋਫ਼ਰੀਨੀਆ
- ਆਪਣੀ ਮਦਦ ਆਪ ਕਰਨੀ ਅਤੇ ਰੋਕਥਾਮ
- ਆਪਣੇ ਆਪ ਨੂੰ ਨੁਕਸਾਨ ਪਹੁੰਚਾਉਣਾ
- ਤਣਾਅ ਨਾਲ ਨਜਿੱਠਣਾ
- ਨਸ਼ੀਲੇ ਪਦਾਰਥਾਂ ਦੀ ਵਰਤੋਂ
- ਆਤਮ-ਹੱਤਿਆ ਦੀ ਰੋਕਥਾਮ
- ਸਦਮਾ

ਅਤੇ ਹੋਰ...

## ਸਾਡੇ ਨਾਲ ਕਿਵੇਂ ਸੰਪਰਕ ਕਰਨਾ ਹੈ:

**ਫ਼ੋਨ:**
604-875-2084 ਜਾਂ ਬੀ.ਸੀ. ਵਿੱਚ ਕਿਤੇ ਵੀ ਟੋਲ-ਫ੍ਰੀ: 1-800-665-1822

**ਆਪ ਆ ਕੇ ਮਿਲਣ ਲਈ:**
ਬੀ.ਸੀ. ਚਿਲਡ੍ਰਨ'ਜ਼ ਹਸਪਤਾਲ, ਮੈਂਟਲ ਹੈਲਥ ਬਿਲਡਿੰਗ, 4500 Oak Street, ਵੈਨਕੂਵਰ, ਬੀ.ਸੀ., ਕਮਰਾ P3-302 (ਤੀਜੀ ਮੰਜ਼ਿਲ)

**ਈਮੇਲ:**
keltycentre@cw.bc.ca

**ਆਨਲਾਈਨ:**
keltymentalhealth.ca ਜਾਂ keltyeatingdisorders.ca

## ਕੰਮ-ਕਾਜ ਦਾ ਸਮਾਂ

ਅਸੀਂ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9:30 ਤੋਂ ਸ਼ਾਮ 5:00 ਵਜੇ ਤਕ ਖੁੱਲ੍ਹਦੇ ਹਾਂ। ਇਸ ਸਮੇਂ ਦੌਰਾਨ ਤੁਸੀਂ ਸਾਡੇ ਨਾਲ ਕਿਸੇ ਸਮੇਂ ਵੀ ਸੰਪਰਕ ਕਰ ਸਕਦੇ ਹੋ!

BC CHILDREN'S HOSPITAL